ਧਾਰਮਿਕ ਗਿਆਨ

ਜਮਾਤ- ਪੰਜਵੀਂ

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

ਵਿਸ਼ਵ ਨਾਮਧਾਰੀ ਸੰਗਤ

ਸ੍ਰੀ ਭੈਣੀ ਸਾਹਿਬ

ਸਿੱਖੀ ਵਿੱਚੋਂ ਸ਼ਰਧਾ ਤੇ ਪ੍ਰੇਮ ਕੱਢ ਦਿੱਤਾ ਜਾਵੇ, ਫੇਰ ਕਿੰਨਾ ਹੀ ਭਜਨ ਕੀਤਾ ਜਾਵੇ, ਕਿੰਨੀਆਂ ਹੀ ਮਾਲਾ ਫੇਰੀਆਂ ਜਾਣ, ਕਿੰਨੀ ਹੀ ਸੋਧ ਰੱਖੀ ਜਾਵੇ,ਉਹ ਕਿਸੇ ਅਰਥ ਨਹੀਂ।

ਸਤਿਗੁਰੂ ਰਾਮ ਸਿੰਘ ਜੀ ਦੇ ਵਕਤ ਸਿੰਘ ਸ਼ਬਦ ਪੜ੍ਹਦੇ ਸਨ-

'ਸਤਿਗੁਰ ਤਾਰਨ ਗਰ ਅਤੀਤ।'

ਸਤਿਗੁਰਾਂ ਨੇ ਹੁਕਮ ਕੀਤਾ-

'ਨਾ ਭਾਈ, ਤਾਰੂਗੀ ਪਰਤੀਤ।'

ਉਪਦੇਸ਼-

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ

ਧਾਰਮਿਕ ਗਿਆਨ

ਜਮਾਤ- ਪੰਜਵੀਂ

ਨਾਮਧਾਰੀ ਦਰਬਾਰ
ਸ੍ਰੀ ਭੈਣੀ ਸਾਹਿਬ

ਪਹਿਲੀ ਵਾਰ- 2019
ਗਿਣਤੀ- 500

ਕੀਮਤ : 100/-

ਛਾਪਕ :
ਫੋਇਲ ਪ੍ਰਿੰਟਰਜ਼
ਗੋਬਿੰਦ ਨਗਰ, ਲੁਧਿਆਣਾ

ਪ੍ਰਕਾਸ਼ਕ :
ਨਾਮਧਾਰੀ ਦਰਬਾਰ
ਗੁਰਦੁਆਰਾ ਸ੍ਰੀ ਭੈਣੀ ਸਾਹਿਬ
ਲੁਧਿਆਣਾ, ਪੰਜਾਬ-141126

ਦੋ ਸ਼ਬਦ


ਇਹ ਪਾਠ ਪੁਸਤਕਾਂ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਤਿਆਰ ਕੀਤੀਆਂ ਗਈਆਂ ਹਨ। ਇਸ ਪਿੱਛੇ ਮਨੋਰਥ ਬੱਚਿਆਂ ਨੂੰ ਗੁਰਬਾਣੀ, ਇਤਿਹਾਸ ਅਤੇ ਸ਼ੁਭ ਅਮਲਾਂ ਨਾਲ ਜੋੜਨਾ ਹੈ।

ਇਨ੍ਹਾਂ ਪਾਠ ਪੁਸਤਕਾਂ ਲਈ ਕੋਈ ਜ਼ਰੂਰੀ ਸੁਝਾਅ ਹੋਵੇ ਤਾਂ ਅਗਲੇ ਐਡੀਸ਼ਨ ਲਈ ਉਹਨਾਂ ਦਾ ਸੁਆਗਤ ਹੋਵੇਗਾ।

ਪ੍ਰਿੰ. ਸਤਵੰਤ ਕੌਰ
ਸੰਪ: 92125-94349

....

ਤਤਕਰਾ



ਸ਼ਹੀਦੀ ਅਸਥਾਨ ਮਲੇਰਕੋਟਲਾ

ਜਪੁਜੀ ਸਾਹਿਬ

ੴ

ਸਤਿਨਾਮੁ ਕਰਤਾ ਪੁਰਖੁ

ਨਿਰਭਉ ਨਿਰਵੈਰੁ

ਅਕਾਲ ਮੂਰਤਿ ਅਜੂਨੀ ਸੈਭੰ

ਗੁਰ ਪ੍ਰਸਾਦਿ ॥

॥ ਜਪੁ ॥

ਆਦਿ ਸਚੁ ਜੁਗਾਦਿ ਸਚੁ ॥
ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥੧॥
ਸੋਚੈ ਸੋਚਿ ਨ ਹੋਵਈ ਜੇ ਸੋਚੀ ਲਖ ਵਾਰ॥
ਚੁਪੈ ਚੁਪਿ ਨ ਹੋਵਈ ਜੇ ਲਾਇ ਰਹਾ ਲਿਵ ਤਾਰ॥
ਭੁਖਿਆ ਭੁਖ ਨ ਉਤਰੀ ਜੇ ਬੰਨਾ ਪੁਰੀਆ ਭਾਰ॥
ਸਹਸ ਸਿਆਣਪਾ ਲਖ ਹੋਹਿ ਤ ਇਕ ਨ ਚਲੈ ਨਾਲਿ ॥
ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ ॥
ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ ॥੧॥

ਹੁਕਮੀ ਹੋਵਨਿ ਆਕਾਰ ਹੁਕਮੁ ਨ ਕਹਿਆ ਜਾਈ ॥
ਹੁਕਮੀ ਹੋਵਨਿ ਜੀਅ ਹੁਕਮਿ ਮਿਲੈ ਵਡਿਆਈ ॥
ਹੁਕਮੀ ਉਤਮੁ ਨੀਚੁ ਹੁਕਮਿ ਲਿਖਿ ਦੁਖ ਸੁਖ ਪਾਈਅਹਿ ॥

ਇਕਨਾ ਹੁਕਮੀ ਬਖਸੀਸ ਇਕਿ ਹੁਕਮੀ ਸਦਾ ਭਵਾਈਅਹਿ ॥
ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ ॥
ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ ॥੨॥

ਗਾਵੈ ਕੋ ਤਾਣੁ ਹੋਵੈ ਕਿਸੈ ਤਾਣੁ ॥
ਗਾਵੈ ਕੋ ਦਾਤਿ ਜਾਣੈ ਨੀਸਾਣੁ ॥
ਗਾਵੈ ਕੋ ਗੁਣ ਵਡਿਆਈਆ ਚਾਰ ॥
ਗਾਵੈ ਕੋ ਵਿਦਿਆ ਵਿਖਮੁ ਵੀਚਾਰੁ ॥
ਗਾਵੈ ਕੋ ਸਾਜਿ ਕਰੇ ਤਨੁ ਖੇਹ ॥
ਗਾਵੈ ਕੋ ਜੀਅ ਲੈ ਫਿਰਿ ਦੇਹ ॥
ਗਾਵੈ ਕੋ ਜਾਪੈ ਦਿਸੈ ਦੂਰਿ ।
ਗਾਵੈ ਕੋ ਵੇਖੈ ਹਾਦਰਾ ਹਦੂਰਿ ॥
ਕਥਨਾ ਕਥੀ ਨ ਆਵੈ ਤੋਟਿ ॥
ਕਥਿ ਕਥਿ ਕਥੀ ਕੋਟੀ ਕੋਟਿ ਕੋਟਿ ॥
ਦੇਦਾ ਦੇ ਲੈਦੇ ਥਕਿ ਪਾਹਿ ॥
ਜੁਗਾ ਜੁਗੰਤਰਿ ਖਾਹੀ ਖਾਹਿ ॥
ਹੁਕਮੀ ਹੁਕਮੁ ਚਲਾਏ ਰਾਹੁ ॥
ਨਾਨਕ ਵਿਗਸੈ ਵੇਪਰਵਾਹੁ ॥੩॥

ਸਾਚਾ ਸਾਹਿਬੁ ਸਾਚੁ ਨਾਇ ਭਾਖਿਆ ਭਾਉ ਅਪਾਰੁ ॥
ਆਖਹਿ ਮੰਗਹਿ ਦੇਹਿ ਦੇਹਿ ਦਾਤਿ ਕਰੇ ਦਾਤਾਰੁ ॥
ਫੇਰਿ ਕਿ ਅਗੈ ਰਖੀਐ ਜਿਤੁ ਦਿਸੈ ਦਰਬਾਰੁ ॥

ਮੁਹੌ ਕਿ ਬੋਲਣੁ ਬੋਲੀਐ ਜਿਤੁ ਸੁਣਿ ਧਰੇ ਪਿਆਰੁ ॥
ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ ॥
ਕਰਮੀ ਆਵੈ ਕਪੜਾ ਨਦਰੀ ਮੋਖੁ ਦੁਆਰੁ ॥
ਨਾਨਕ ਏਵੈ ਜਾਣੀਐ ਸਭੁ ਆਪੇ ਸਚਿਆਰੁ ॥੪॥

ਥਾਪਿਆ ਨ ਜਾਇ ਕੀਤਾ ਨ ਹੋਇ ॥
ਆਪੇ ਆਪਿ ਨਿਰੰਜਨੁ ਸੋਇ ॥
ਜਿਨਿ ਸੇਵਿਆ ਤਿਨਿ ਪਾਇਆ ਮਾਨੁ ॥
ਨਾਨਕ ਗਾਵੀਐ ਗੁਣੀ ਨਿਧਾਨੁ ॥
ਗਾਵੀਐ ਸੁਣੀਐ ਮਨਿ ਰਖੀਐ ਭਾਉ ॥
ਦੁਖੁ ਪਰਹਰਿ ਸੁਖੁ ਘਰਿ ਲੈ ਜਾਇ ॥
ਗੁਰਮੁਖਿ ਨਾਦੰ ਗੁਰਮੁਖਿ ਵੇਦੰ ਗੁਰਮੁਖਿ ਰਹਿਆ ਸਮਾਈ ॥
ਗੁਰੁ ਈਸਰੁ ਗੁਰੁ ਗੋਰਖੁ ਬਰਮਾ ਗੁਰੁ ਪਾਰਬਤੀ ਮਾਈ ॥
ਜੇ ਹਉ ਜਾਣਾ ਆਖਾ ਨਾਹੀ ਕਹਣਾ ਕਥਨੁ ਨ ਜਾਈ ॥
ਗੁਰਾ ਇਕ ਦੇਹਿ ਬੁਝਾਈ ॥
ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ ॥੫॥

ਤੀਰਥਿ ਨਾਵਾ ਜੇ ਤਿਸੁ ਭਾਵਾ ਵਿਣੁ ਭਾਣੇ ਕਿ ਨਾਇ ਕਰੀ॥
ਜੇਤੀ ਸਿਰਠਿ ਉਪਾਈ ਵੇਖਾ ਵਿਣੁ ਕਰਮਾ ਕਿ ਮਿਲੈ ਲਈ॥
ਮਤਿ ਵਿਚਿ ਰਤਨ ਜਵਾਹਰ ਮਾਣਿਕ ਜੇ ਇੱਕ ਗੁਰ ਕੀ ਸਿਖ ਸੁਣੀ॥
ਗੁਰਾ ਇਕ ਦੇਹਿ ਬੁਝਾਈ॥
ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ॥ ੬॥

ਜੇ ਜੁਗ ਚਾਰੇ ਆਰਜਾ ਹੋਰ ਦਸੂਣੀ ਹੋਇ॥
ਨਵਾ ਖੰਡਾ ਵਿਚਿ ਜਾਣੀਐ ਨਾਲਿ ਚਲੈ ਸਭੁ ਕੋਇ॥
ਚੰਗਾ ਨਾਉ ਰਖਾਇ ਕੈ ਜਸੁ ਕੀਰਤਿ ਜਗਿ ਲੇਇ॥
ਜੇ ਤਿਸੁ ਨਦਰਿ ਨ ਆਵਈ ਤ ਵਾਤ ਨ ਪੁਛੈ ਕੇ॥
ਕੀਟਾ ਅੰਦਰਿ ਕੀਟੁ ਕਰਿ ਦੋਸੀ ਦੋਸੁ ਧਰੇ॥
ਨਾਨਕ ਨਿਰਗੁਣਿ ਗੁਣੁ ਕਰੇ ਗੁਣਵੰਤਿਆ ਗੁਣੁ ਦੇ॥
ਤੇਹਾ ਕੋਇ ਨ ਸੁਝਈ ਜਿ ਤਿਸੁ ਗੁਣੁ ਕੋਇ ਕਰੇ॥੭॥

ਸੁਣਿਐ ਸਿਧ ਪੀਰ ਸੁਰਿ ਨਾਥ॥ ਸੁਣਿਐ ਧਰਤਿ ਧਵਲ ਆਕਾਸ॥
ਸੁਣਿਐ ਦੀਪ ਲੋਅ ਪਾਤਾਲ॥ ਸੁਣਿਐ ਪੋਹਿ ਨ ਸਕੈ ਕਾਲੁ॥
ਨਾਨਕ ਭਗਤਾ ਸਦਾ ਵਿਗਾਸੁ॥ ਸੁਣਿਐ ਦੂਖ ਪਾਪ ਕਾ ਨਾਸੁ॥੮॥

ਸੁਣਿਐ ਈਸਰੁ ਬਰਮਾ ਇੰਦੁ॥ ਸੁਣਿਐ ਮੁਖਿ ਸਾਲਾਹਣ ਮੰਦੁ॥
ਸੁਣਿਐ ਜੋਗ ਜੁਗਤਿ ਤਨਿ ਭੇਦ॥ ਸੁਣਿਐ ਸਾਸਤ ਸਿਮ੍ਰਿਤਿ ਵੇਦ॥
ਨਾਨਕ ਭਗਤਾ ਸਦਾ ਵਿਗਾਸੁ॥ ਸੁਣਿਐ ਦੂਖ ਪਾਪ ਕਾ ਨਾਸੁ॥੯॥

ਸੁਣਿਐ ਸਤੁ ਸੰਤੋਖੁ ਗਿਆਨੁ॥ ਸੁਣਿਐ ਅਠਸਠਿ ਕਾ ਇਸਨਾਨੁ॥
ਸੁਣਿਐ ਪੜਿ ਪੜਿ ਪਾਵਹਿ ਮਾਨੁ॥ ਸੁਣਿਐ ਲਾਗੈ ਸਹਜਿ ਧਿਆਨੁ॥
ਨਾਨਕ ਭਗਤਾ ਸਦਾ ਵਿਗਾਸੁ॥ ਸੁਣਿਐ ਦੂਖ ਪਾਪ ਕਾ ਨਾਸੁ॥੧੦॥

ਸੁਣਿਐ ਸਰਾ ਗੁਣਾ ਕੇ ਗਾਹ॥ ਸੁਣਿਐ ਸੇਖ ਪੀਰ ਪਾਤਿਸਾਹ॥
ਸੁਣਿਐ ਅੰਧੇ ਪਾਵਹਿ ਰਾਹੁ॥ ਸੁਣਿਐ ਹਾਥ ਹੋਵੈ ਅਸਗਾਹੁ॥
ਨਾਨਕ ਭਗਤਾ ਸਦਾ ਵਿਗਾਸੁ॥ ਸੁਣਿਐ ਦੂਖ ਪਾਪ ਕਾ ਨਾਸੁ॥੧੧॥

ਮੰਨੇ ਕੀ ਗਤਿ ਕਹੀ ਨ ਜਾਇ॥ ਜੇ ਕੋ ਕਹੈ ਪਿਛੈ ਪਛੁਤਾਇ॥ ਕਾਗਦਿ ਕਲਮ ਨ ਲਿਖਣਹਾਰੁ॥
ਮੰਨੇ ਕਾ ਬਹਿ ਕਰਨਿ ਵੀਚਾਰੁ॥ ਐਸਾ ਨਾਮੁ ਨਿਰੰਜਨੁ ਹੋਇ॥ ਜੇ ਕੋ ਮੰਨਿ ਜਾਣੈ ਮਨਿ ਕੋਇ॥ ੧੨॥

ਮੰਨੈ ਸੁਰਤਿ ਹੋਵੈ ਮਨਿ ਬੁਧਿ॥ ਮੰਨੈ ਸਗਲ ਭਵਣ ਕੀ ਸੁਧਿ॥ ਮੰਨੈ ਮੁਹਿ ਚੋਟਾ ਨਾ ਖਾਇ॥
ਮੰਨੈ ਜਮ ਕੈ ਸਾਥਿ ਨ ਜਾਇ॥ ਐਸਾ ਨਾਮੁ ਨਿਰੰਜਨੁ ਹੋਇ॥ ਜੇ ਕੋ ਮੰਨਿ ਜਾਣੈ ਮਨਿ ਕੋਇ॥ ੧੩॥

ਮੰਨੈ ਮਾਰਗਿ ਠਾਕ ਨ ਪਾਇ॥ ਮੰਨੈ ਪਤਿ ਸਿਉ ਪਰਗਟੁ ਜਾਇ॥ ਮੰਨੈ ਮਗੁ ਨ ਚਲੈ ਪੰਥੁ॥
ਮੰਨੈ ਧਰਮ ਸੇਤੀ ਸਨਬੰਧੁ॥ ਐਸਾ ਨਾਮੁ ਨਿਰੰਜਨੁ ਹੋਇ॥ ਜੇ ਕੋ ਮੰਨਿ ਜਾਣੈ ਮਨਿ ਕੋਇ॥ ੧੪॥

ਮੰਨੈ ਪਾਵਹਿ ਮੋਖੁ ਦੁਆਰੁ॥ ਮੰਨੈ ਪਰਵਾਰੈ ਸਾਧਾਰੁ॥ ਮੰਨੈ ਤਰੈ ਤਾਰੇ ਗੁਰੁ ਸਿਖ॥
ਮੰਨੈ ਨਾਨਕ ਭਵਹਿ ਨ ਭਿਖ॥ ਐਸਾ ਨਾਮੁ ਨਿਰੰਜਨੁ ਹੋਇ॥ ਜੇ ਕੋ ਮੰਨਿ ਜਾਣੈ ਮਨਿ ਕੋਇ॥ ੧੫॥

ਪੰਚ ਪਰਵਾਣ ਪੰਚ ਪਰਧਾਨੁ॥ ਪੰਚੇ ਪਾਵਹਿ ਦਰਗਹਿ ਮਾਨੁ॥ ਪੰਚੇ ਸੋਹਹਿ ਦਰਿ ਰਾਜਾਨੁ॥
ਪੰਚਾ ਕਾ ਗੁਰੁ ਏਕੁ ਧਿਆਨੁ॥ ਜੇ ਕੋ ਕਹੈ ਕਰੈ ਵੀਚਾਰੁ॥ ਕਰਤੇ ਕੈ ਕਰਣੈ ਨਾਹੀ ਸੁਮਾਰੁ॥
ਧੌਲੁ ਧਰਮੁ ਦਇਆ ਕਾ ਪੂਤੁ॥ ਸੰਤੋਖੁ ਥਾਪਿ ਰਖਿਆ ਜਿਨਿ ਸੂਤਿ॥ ਜੇ ਕੋ ਬੁਝੈ ਹੋਵੈ ਸਚਿਆਰੁ॥
ਧਵਲੈ ਉਪਰਿ ਕੇਤਾ ਭਾਰੁ॥ ਧਰਤੀ ਹੋਰੁ ਪਰੈ ਹੋਰੁ ਹੋਰੁ॥ ਤਿਸ ਤੇ ਭਾਰੁ ਤਲੈ ਕਵਣੁ ਜੋਰੁ॥
ਜੀਅ ਜਾਤਿ ਰੰਗਾ ਕੇ ਨਾਵ॥ ਸਭਨਾ ਲਿਖਿਆ ਵੁੜੀ ਕਲਾਮ॥ ਏਹੁ ਲੇਖਾ ਲਿਖਿ ਜਾਣੈ ਕੋਇ॥
ਲੇਖਾ ਲਿਖਿਆ ਕੇਤਾ ਹੋਇ॥ ਕੇਤਾ ਤਾਣੁ ਸੁਆਲਿਹੁ ਰੂਪੁ॥ ਕੇਤੀ ਦਾਤਿ ਜਾਣੈ ਕੌਣੁ ਕੂਤੁ॥
ਕੀਤਾ ਪਸਾਉ ਏਕੋ ਕਵਾਉ॥ ਤਿਸ ਤੇ ਹੋਏ ਲਖ ਦਰੀਆਉ॥ ਕੁਦਰਤਿ ਕਵਣ ਕਹਾ ਵੀਚਾਰੁ॥
ਵਾਰਿਆ ਨ ਜਾਵਾ ਏਕ ਵਾਰ॥ ਜੋ ਤੁਧੁ ਭਾਵੈ ਸਾਈ ਭਲੀ ਕਾਰ॥ ਤੂ ਸਦਾ ਸਲਾਮਤਿ ਨਿਰੰਕਾਰ॥ ੧੬॥

ਅਸੰਖ ਜਪ ਅਸੰਖ ਭਾਉ॥ ਅਸੰਖ ਪੂਜਾ ਅਸੰਖ ਤਪ ਤਾਉ॥
ਅਸੰਖ ਗਰੰਥ ਮੁਖਿ ਵੇਦ ਪਾਠ॥ ਅਸੰਖ ਜੋਗ ਮਨਿ ਰਹਹਿ ਉਦਾਸ॥
ਅਸੰਖ ਭਗਤ ਗੁਣ ਗਿਆਨ ਵੀਚਾਰ॥ ਅਸੰਖ ਸਤੀ ਅਸੰਖ ਦਾਤਾਰ॥

ਅਸੰਖ ਸੂਰ ਮੁਹ ਭਖ ਸਾਰ॥ ਅਸੰਖ ਮੋਨਿ ਲਿਵ ਲਾਇ ਤਾਰ॥
ਕੁਦਰਤਿ ਕਵਣ ਕਹਾ ਵੀਚਾਰੁ॥ ਵਾਰਿਆ ਨ ਜਾਵਾ ਏਕ ਵਾਰ॥
ਜੋ ਤੁਧੁ ਭਾਵੈ ਸਾਈ ਭਲੀ ਕਾਰ॥ ਤੂ ਸਦਾ ਸਲਾਮਤਿ ਨਿਰੰਕਾਰ॥ ੧੭॥

ਅਸੰਖ ਮੂਰਖ ਅੰਧ ਘੋਰ॥ ਅਸੰਖ ਚੋਰ ਹਰਾਮਖੋਰ॥
ਅਸੰਖ ਅਮਰ ਕਰਿ ਜਾਹਿ ਜੋਰ॥ ਅਸੰਖ ਗਲਵਢ ਹਤਿਆ ਕਮਾਹਿ॥
ਅਸੰਖ ਪਾਪੀ ਪਾਪੁ ਕਰਿ ਜਾਹਿ॥ ਅਸੰਖ ਕੂੜਿਆਰ ਕੂੜੇ ਫਿਰਾਹਿ॥
ਅਸੰਖ ਮਲੇਛ ਮਲੁ ਭਖਿ ਖਾਹਿ॥ ਅਸੰਖ ਨਿੰਦਕ ਸਿਰਿ ਕਰਹਿ ਭਾਰੁ॥
ਨਾਨਕੁ ਨੀਚੁ ਕਹੈ ਵੀਚਾਰੁ॥ ਵਾਰਿਆ ਨ ਜਾਵਾ ਏਕ ਵਾਰ॥
ਜੋ ਤੁਧੁ ਭਾਵੈ ਸਾਈ ਭਲੀ ਕਾਰ॥ ਤੂ ਸਦਾ ਸਲਾਮਤਿ ਨਿਰੰਕਾਰ॥੧੮॥

ਅਸੰਖ ਨਾਵ ਅਸੰਖ ਥਾਵ॥ ਅਗੰਮ ਅਗੰਮ ਅਸੰਖ ਲੋਅ॥
ਅਸੰਖ ਕਹਹਿ ਸਿਰਿ ਭਾਰੁ ਹੋਇ॥ ਅਖਰੀ ਨਾਮੁ ਅਖਰੀ ਸਾਲਾਹ॥
ਅਖਰੀ ਗਿਆਨੁ ਗੀਤ ਗੁਣ ਗਾਹ॥ ਅਖਰੀ ਲਿਖਣੁ ਬੋਲਣੁ ਬਾਣਿ॥
ਅਖਰਾ ਸਿਰਿ ਸੰਜੋਗੁ ਵਖਾਣਿ॥ ਜਿਨਿ ਏਹਿ ਲਿਖੇ ਤਿਸੁ ਸਿਰਿ ਨਾਹਿ॥
ਜਿਵ ਫੁਰਮਾਏ ਤਿਵ ਤਿਵ ਪਾਹਿ॥ ਜੇਤਾ ਕੀਤਾ ਤੇਤਾ ਨਾਉ॥
ਵਿਣੁ ਨਾਵੈ ਨਾਹੀ ਕੋ ਥਾਉ॥ ਕੁਦਰਤਿ ਕਵਣ ਕਹਾ ਵੀਚਾਰੁ॥
ਵਾਰਿਆ ਨ ਜਾਵਾ ਏਕ ਵਾਰ॥ ਜੋ ਤੁਧੁ ਭਾਵੈ ਸਾਈ ਭਲੀ ਕਾਰ॥
ਤੂ ਸਦਾ ਸਲਾਮਤਿ ਨਿਰੰਕਾਰ॥ ੧੯॥

ਭਰੀਐ ਹਥੁ ਪੈਰੁ ਤਨੁ ਦੇਹ॥ ਪਾਣੀ ਧੋਤੈ ਉਤਰਸੁ ਖੇਹ॥ ਮੂਤ ਪਲੀਤੀ ਕਪੜੁ ਹੋਇ॥
ਦੇ ਸਾਬੂਣੁ ਲਈਐ ਓਹੁ ਧੋਇ॥ ਭਰੀਐ ਮਤਿ ਪਾਪਾ ਕੈ ਸੰਗਿ॥ ਓਹੁ ਧੋਪੈ ਨਾਵੈ ਕੈ ਰੰਗਿ॥
ਪੁੰਨੀ ਪਾਪੀ ਆਖਣੁ ਨਾਹਿ॥ ਕਰਿ ਕਰਿ ਕਰਣਾ ਲਿਖਿ ਲੈ ਜਾਹੁ॥ ਆਪੇ ਬੀਜਿ ਆਪੇ ਹੀ
ਖਾਹੁ॥ ਨਾਨਕ ਹੁਕਮੀ ਆਵਹੁ ਜਾਹੁ॥ ੨੦॥

ਤੀਰਥੁ ਤਪੁ ਦਇਆ ਦਤੁ ਦਾਨੁ॥ ਜੇ ਕੋ ਪਾਵੈ ਤਿਲ ਕਾ ਮਾਨੁ॥
ਸੁਣਿਆ ਮੰਨਿਆ ਮਨਿ ਕੀਤਾ ਭਾਉ॥ ਅੰਤਰਗਤਿ ਤੀਰਥਿ ਮਲਿ ਨਾਉ॥
ਸਭਿ ਗੁਣ ਤੇਰੇ ਮੈ ਨਾਹੀ ਕੋਇ॥ ਵਿਣੁ ਗੁਣ ਕੀਤੇ ਭਗਤਿ ਨ ਹੋਇ॥
ਸੁਅਸਤਿ ਆਥਿ ਬਾਣੀ ਬਰਮਾਉ॥ ਸਤਿ ਸੁਹਾਣੁ ਸਦਾ ਮਨਿ ਚਾਉ॥
ਕਵਣੁ ਸੁ ਵੇਲਾ ਵਖਤੁ ਕਵਣੁ ਕਵਣ ਥਿਤਿ ਕਵਣੁ ਵਾਰੁ॥
ਕਵਣਿ ਸਿ ਰੁਤੀ ਮਾਹੁ ਕਵਣੁ ਜਿਤੁ ਹੋਆ ਆਕਾਰੁ॥
ਵੇਲ ਨ ਪਾਈਆ ਪੰਡਤੀ ਜਿ ਹੋਵੈ ਲੇਖੁ ਪੁਰਾਣੁ॥
ਵਖਤੁ ਨ ਪਾਇਓ ਕਾਦੀਆ ਜਿ ਲਿਖਨਿ ਲੇਖੁ ਕੁਰਾਣੁ॥
ਥਿਤਿ ਵਾਰੁ ਨਾ ਜੋਗੀ ਜਾਣੈ ਰੁਤਿ ਮਾਹੁ ਨਾ ਕੋਈ॥
ਜਾ ਕਰਤਾ ਸਿਰਠੀ ਕਉ ਸਾਜੇ ਆਪੇ ਜਾਣੈ ਸੋਈ॥
ਕਿਵ ਕਰਿ ਆਖਾ ਕਿਵ ਸਾਲਾਹੀ ਕਿਉ ਵਰਨੀ ਕਿਵ ਜਾਣਾ॥
ਨਾਨਕ ਆਖਣਿ ਸਭੁ ਕੋ ਆਖੈ ਇਕ ਦੂ ਇਕੁ ਸਿਆਣਾ॥
ਵਡਾ ਸਾਹਿਬੁ ਵਡੀ ਨਾਈ ਕੀਤਾ ਜਾ ਕਾ ਹੋਵੈ॥
ਨਾਨਕ ਜੇ ਕੋ ਆਪੌ ਜਾਣੈ ਅਗੈ ਗਇਆ ਨ ਸੋਹੈ॥੨੧॥

ਪਾਤਾਲਾ ਪਾਤਾਲ ਲਖ ਆਗਾਸਾ ਆਗਾਸ॥
ਓੜਕ ਓੜਕ ਭਾਲਿ ਥਕੇ ਵੇਦ ਕਹਨਿ ਇਕ ਵਾਤ॥
ਸਹਸ ਅਠਾਰਹ ਕਹਨਿ ਕਤੇਬਾ ਅਸੁਲੂ ਇਕੁ ਧਾਤੁ॥
ਲੇਖਾ ਹੋਇ ਤ ਲਿਖੀਐ ਲੇਖੈ ਹੋਇ ਵਿਣਾਸੁ॥
ਨਾਨਕ ਵਡਾ ਆਖੀਐ ਆਪੇ ਜਾਣੈ ਆਪੁ॥੨੨॥

ਸਾਲਾਹੀ ਸਾਲਾਹਿ ਏਤੀ ਸੁਰਤਿ ਨ ਪਾਈਆ॥
ਨਦੀਆ ਅਤੈ ਵਾਹ ਪਵਹਿ ਸਮੁੰਦਿ ਨ ਜਾਣੀਅਹਿ॥
ਸਮੁੰਦ ਸਾਹ ਸੁਲਤਾਨ ਗਿਰਹਾ ਸੇਤੀ ਮਾਲੁ ਧਨੁ॥
ਕੀੜੀ ਤੁਲਿ ਨ ਹੋਵਨੀ ਜੇ ਤਿਸੁ ਮਨਹੁ ਨ ਵੀਸਰਹਿ॥੨੩॥

ਅੰਤੁ ਨ ਸਿਫਤੀ ਕਹਣਿ ਨ ਅੰਤੁ॥ ਅੰਤੁ ਨ ਕਰਣੈ ਦੇਣਿ ਨ ਅੰਤੁ॥
ਅੰਤੁ ਨ ਵੇਖਣਿ ਸੁਣਨਿ ਨ ਅੰਤੁ॥ ਅੰਤੁ ਨ ਜਾਪੈ ਕਿਆ ਮਨਿ ਮੰਤੁ॥
ਅੰਤੁ ਨ ਜਾਪੈ ਕੀਤਾ ਆਕਾਰੁ॥ ਅੰਤੁ ਨ ਜਾਪੈ ਪਾਰਾਵਾਰੁ॥
ਅੰਤ ਕਾਰਣਿ ਕੇਤੇ ਬਿਲਲਾਹਿ॥ ਤਾ ਕੇ ਅੰਤ ਨ ਪਾਏ ਜਾਹਿ॥
ਏਹੁ ਅੰਤੁ ਨ ਜਾਣੈ ਕੋਇ॥ ਬਹੁਤਾ ਕਹੀਐ ਬਹੁਤਾ ਹੋਇ॥
ਵਡਾ ਸਾਹਿਬੁ ਊਚਾ ਥਾਉ॥ ਊਚੇ ਉਪਰਿ ਊਚਾ ਨਾਉ॥
ਏਵਡੁ ਊਚਾ ਹੋਵੈ ਕੋਇ॥ ਤਿਸੁ ਊਚੇ ਕਉ ਜਾਣੈ ਸੋਇ॥
ਜੇਵਡੁ ਆਪਿ ਜਾਣੈ ਆਪਿ ਆਪਿ॥ ਨਾਨਕ ਨਦਰੀ ਕਰਮੀ ਦਾਤਿ॥੨੪॥

ਬਹੁਤਾ ਕਰਮੁ ਲਿਖਿਆ ਨਾ ਜਾਇ॥ ਵਡਾ ਦਾਤਾ ਤਿਲੁ ਨ ਤਮਾਇ॥
ਕੇਤੇ ਮੰਗਹਿ ਜੋਧ ਅਪਾਰ॥ ਕੇਤਿਆ ਗਣਤ ਨਹੀ ਵੀਚਾਰੁ॥
ਕੇਤੇ ਖਪਿ ਤੁਟਹਿ ਵੇਕਾਰ ॥
ਕੇਤੇ ਲੈ ਲੈ ਮੁਕਰੁ ਪਾਹਿ॥ ਕੇਤੇ ਮੂਰਖ ਖਾਹੀ ਖਾਹਿ॥
ਕੇਤਿਆ ਦੂਖ ਭੂਖ ਸਦ ਮਾਰ॥ ਏਹਿ ਭਿ ਦਾਤਿ ਤੇਰੀ ਦਾਤਾਰ॥
ਬੰਦਿ ਖਲਾਸੀ ਭਾਣੈ ਹੋਇ॥ ਹੋਰੁ ਆਖਿ ਨ ਸਕੈ ਕੋਇ॥
ਜੇ ਕੋ ਖਾਇਕੁ ਆਖਣਿ ਪਾਇ॥ ਓਹੁ ਜਾਣੈ ਜੇਤੀਆ ਮੁਹਿ ਖਾਇ॥
ਆਪੇ ਜਾਣੈ ਆਪੇ ਦੇਇ॥ ਆਖਹਿ ਸਿ ਭਿ ਕੇਈ ਕੇਇ॥
ਜਿਸ ਨੋ ਬਖਸੇ ਸਿਫਤਿ ਸਾਲਾਹ॥
ਨਾਨਕ ਪਾਤਿ ਸਾਹੀ ਪਾਤਿਸਾਹੁ॥੨੫॥

ਸਤਿਗੁਰੂ ਤੇਗ ਬਹਾਦਰ ਜੀ ਅਤੇ ਮੱਖਣਸ਼ਾਹ

ਮੱਖਣ ਸ਼ਾਹ ਲੁਬਾਣਾ ਇਕ ਵਪਾਰੀ ਸੀ । ਉਹ ਦੇਸ਼-ਵਿਦੇਸ਼ ਵਿੱਚ ਵਪਾਰ ਕਰਦਾ ਹੁੰਦਾ ਸੀ । ਇਕ ਵਾਰ ਉਸ ਦਾ ਜਹਾਜ ਸਮੁੰਦਰ ਦੀਆਂ ਲਹਿਰਾਂ ਵਿੱਚ ਫਸ ਗਿਆ । ਮੱਖਣ ਸ਼ਾਹ ਨੇ ਦੇਵੀ-ਦੇਵਤਿਆਂ ਅੱਗੇ ਬਹੁਤ ਅਰਦਾਸਾਂ ਕੀਤੀਆਂ ਪਰ ਜਹਾਜ ਨਾ ਨਿਕਲਿਆ । ਅੰਤ ਹਾਰ ਕੇ ਉਸ ਨੇ ਸਮੇਂ ਦੇ ਮਾਲਕ, ਗੁਰੂ ਨਾਨਕ ਦੇਵ ਜੀ ਦੀ ਗੱਦੀ ਦੇ ਵਾਰਸ ਦੇ ਚਰਨਾਂ ਵਿੱਚ ਬੇਨਤੀ ਕੀਤੀ ਕਿ ਮੇਰਾ ਜਹਾਜ ਨਿਕਲ ਜਾਵੇ, ਮੈਂ 500 ਮੋਹਰਾਂ ਮੱਥਾ ਟੇਕਾਂਗਾ । ਸਤਿਗੁਰੂ ਜੀ ਨੇ ਕਿਰਪਾ ਕੀਤੀ, ਜਹਾਜ ਪਾਰ ਲੱਗ ਗਿਆ ।



ਸੁੱਖਣਾ ਪੂਰੀ ਕਰਨ ਲਈ ਮੱਖਣ ਸ਼ਾਹ 500 ਮੋਹਰਾਂ ਭੇਟਾ ਕਰਨ ਲਈ ਬਕਾਲੇ ਪਹੁੰਚ ਗਿਆ । ਉੱਥੇ ਕਈ ਗੁਰੂ ਬਣੀ ਬੈਠੇ ਵੇਖ ਉਹ ਸੋਚੀਂ ਪੈ ਗਿਆ ਕਿ ਕਿਸਨੂੰ ਮੋਹਰਾਂ ਮੱਥਾ ਟੇਕਾਂ । ਉਸ ਸੋਚਿਆ ਕਿ ਮੈਂ ਪੰਜ-ਪੰਜ ਮੋਹਰਾਂ ਮੱਥਾ ਟੇਕਦਾ ਹਾਂ, ਜਿਹੜਾ ਅਸਲੀ ਗੁਰੂ ਹੋਵੇਗਾ, ਆਪੇ ਹੀ ਮੇਰੇ ਤੋਂ 500 ਮੋਹਰਾਂ ਮੰਗ ਲਵੇਗਾ । ਉਸ ਨੇ ਸਭ ਨੂੰ 5-5 ਮੋਹਰਾਂ ਮੱਥਾ ਟੇਕੀਆਂ । ਉਹ ਸਾਰੇ ਨਕਲੀ ਗੁਰੂ 5-5 ਮੋਹਰਾਂ ਲੈ ਕੇ ਖੁਸ਼ ਹੋ ਗਏ । ਕਿਸੇ ਨੇ ਵੀ 500 ਮੋਹਰਾਂ ਨਾ ਮੰਗੀਆਂ।

ਮੱਖਣ ਸ਼ਾਹ ਨੇ ਪੁੱਛਿਆ ਕਿ ਕੋਈ ਹੋਰ ਵੀ ਗੁਰੂ ਹੈ ? ਤਾਂ ਜਿਸਨੇ ਦੱਸਿਆ ਕਿ ਇਕ ਤੇਗਾ ਨਾਂ ਦਾ ਕਮਲਾ ਹੈ ਜੋ ਅੰਦਰ ਭੋਰੇ ਵਿਚ ਬੈਠਾ ਰਹਿੰਦਾ ਹੈ। ਮੱਖਣ ਸ਼ਾਹ ਨੇ ਉਸਨੂੰ ਵੀ ਜਾ ਕੇ ਪੰਜ ਮੋਹਰਾਂ ਮੱਥਾ ਟੇਕੀਆਂ । ਅੱਗੋਂ ਸਤਿਗੁਰੂ ਜੀ ਕਹਿਣ ਲੱਗੇ, "ਭਾਈ ਸੁੱਖਣਾ ਤਾਂ ਪੰਜ ਸੌ ਮੋਹਰਾਂ ਦੀ ਹੈ ਤੇ ਮੱਥਾ ਪੰਜ ਮੋਹਰਾਂ ਹੀ ਟੇਕ ਰਿਹਾ ਹੈਂ। ਇਹ ਠੀਕ ਨਹੀਂ।" ਸਤਿਗੁਰੂ ਜੀ ਨੇ ਨਾਲ ਹੀ ਆਪਣਾ ਮੋਢਾ ਵਿਖਾਇਆ ਜੋ ਜਹਾਜ ਕੱਢਦੇ ਸਮੇਂ ਜ਼ਖ਼ਮੀ ਹੋ ਗਿਆ ਸੀ ।

ਇਹ ਵੇਖ ਮੱਖਣ ਸ਼ਾਹ ਮਸਤਾਨਾ ਹੋ ਗਿਆ ਅਤੇ ਕੋਠੇ 'ਤੇ ਚੜ੍ਹ ਕੇ ਪੱਲੂ ਫੇਰ ਉੱਚੀ-ਉੱਚੀ ਆਵਾਜ਼ ਵਿਚ ਕਿਹਾ, "ਗੁਰੂ ਲਾਧੋ ਰੇ- ਗੁਰੂ ਲਾਧੋ ਰੇ।" ਅਸਲੀ ਗੁਰੂ ਤਾਂ ਗੁਰੂ ਤੇਗ ਬਹਾਦਰ ਜੀ ਹਨ । ਬਾਕੀ ਸਭ ਨਕਲੀ ਹਨ । ਗੁਰੂ ਤੇਗ ਬਹਾਦਰ ਜੀ ਦੇ ਚਰਨੀ ਲੱਗੋ । ਅਸਲੀਅਤ ਪਤਾ ਲੱਗਣ 'ਤੇ ਸਾਰੀ ਸੰਗਤ ਨੇ ਗੁਰੂ ਤੇਗ ਬਹਾਦਰ ਜੀ ਨੂੰ ਨਮਸਕਾਰ ਕੀਤੀ ।

ਪ੍ਰਸ਼ਨ:-

1. ਮੱਖਣ ਸ਼ਾਹ ਕੌਣ ਸੀ ?
2. ਮੱਖਣ ਸ਼ਾਹ ਦੇ ਜਹਾਜ ਨੂੰ ਕੀ ਹੋਇਆ ਸੀ ?
3. ਮੱਖਣ ਸ਼ਾਹ ਨੇ ਕਿਸ ਦੇ ਚਰਨਾਂ ਵਿੱਚ ਪੁਕਾਰ ਕੀਤੀ ?
4. ਮੱਖਣ ਸ਼ਾਹ ਨੇ ਕਿੰਨੀਆਂ ਮੋਹਰਾਂ ਮੱਥਾ ਟੇਕਣ ਦੀ ਬੇਨਤੀ ਕੀਤੀ ਸੀ ?
5. ਮੱਖਣ ਸ਼ਾਹ ਨੇ ਗੁਰੂ ਨੂੰ ਲੱਭਣ ਲਈ ਕਿੰਨੀਆਂ-ਕਿੰਨੀਆਂ ਮੋਹਰਾਂ ਮੱਥਾ ਟੇਕੀਆਂ ?
6. ਗੁਰੂ ਤੇਗ ਬਹਾਦਰ ਜੀ ਕਿੱਥੇ ਬੈਠੇ ਮਿਲੇ ?
7. ਗੁਰੂ ਜੀ ਨੇ ਮੱਖਣਸ਼ਾਹ ਨੂੰ ਕੀ ਆਖਿਆ ?
8. ਗੁਰੂ ਜੀ ਨੇ ਆਪਣਾ ਕਿਹੜਾ ਅੰਗ ਮੱਖਣਸ਼ਾਹ ਨੂੰ ਦਿਖਾਇਆ ?
9. ਮੱਖਣਸ਼ਾਹ ਨੇ ਅਸਲੀ ਗੁਰੂ ਲੱਭ ਕੇ ਕੀ ਕੀਤਾ ?

ਪੰਜ ਪਿਆਰਿਆਂ ਦੀ ਸਾਜਣਾ

1699 ਈ. ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਕੇਸਗੜ੍ਹ ਸਥਾਨ ਤੇ ਵਿਸਾਖੀ ਦੇ ਮੌਕੇ 'ਤੇ ਵੱਡੇ ਦੀਵਾਨ ਦਾ ਐਲਾਨ ਕੀਤਾ । ਬੇਸ਼ੁਮਾਰ ਸੰਗਤਾਂ ਦੂਰੋਂ-ਦੂਰੋਂ ਆਈਆਂ । ਦਰਬਾਰ ਬਹੁਤ ਭਰ ਗਿਆ । ਸਤਿਗੁਰੂ ਜੀ ਸ਼ਸਤਰ-ਬਸਤਰ ਸਜਾ ਆ ਦਰਸ਼ਨ ਦਿੱਤੇ । ਮਿਆਨ ਵਿਚੋਂ ਤਲਵਾਰ ਕੱਢ ਕੇ ਉੱਚੀ ਸਾਰੀ ਆਖਿਆ, "ਇਹ ਤਲਵਾਰ ਸੀਸ ਮੰਗਦੀ ਹੈ, ਹੈ ਕੋਈ ਐਸਾ ਹੈ ਜੋ ਇਸ ਦੀ ਮੰਗ ਪੂਰੀ ਕਰੇ?"



ਹਰ ਪਾਸੇ ਸੰਨਾਟਾ ਛਾ ਗਿਆ । ਦੁਬਾਰਾ ਫੇਰ ਹੁਕਮ ਕੀਤਾ । ਕੋਈ ਨਹੀਂ ਉੱਠਿਆ । ਜਦੋਂ ਤੀਜੀ ਵਾਰ ਹੁਕਮ ਕੀਤਾ ਤਾਂ ਲਾਹੌਰ ਨਿਵਾਸੀ ਦਇਆ ਰਾਮ ਉੱਠਿਆ ਅਤੇ ਸਤਿਗੁਰੂ ਜੀ ਅੱਗੇ ਸਿਰ ਨਿਵਾ ਕੇ ਖੜ੍ਹਾ ਹੋ ਗਿਆ । ਸਤਿਗੁਰੂ ਜੀ ਨੇ ਲਿਸ਼ਕਦੀ ਤਲਵਾਰ ਘੁਮਾਈ ਅਤੇ ਦਇਆ ਰਾਮ ਦੇ ਸਿਰ 'ਤੇ ਚਲਾ ਦਿਤੀ। ਉਸਦਾ ਸਿਰ ਧੜ ਨਾਲੋਂ ਅਲੱਗ ਹੋ ਗਿਆ। ਸਭ ਪਾਸੇ ਭਿਆਨਕ ਡਰ ਛਾ ਗਿਆ ।

ਦੂਜੀ ਵਾਰ ਫੇਰ ਇਹੋ ਸ਼ਬਦ ਉਚਾਰੇ ਤਾਂ ਭਾਈ ਧਰਮ ਚੰਦ ਅੱਗੇ ਆ ਖਲੋਤਾ । ਸਤਿਗੁਰੂ ਜੀ ਨੇ ਉਸਦਾ ਸਿਰ ਵੀ ਕਲਮ ਕਰ ਦਿੱਤਾ । ਹੁਣ ਦੀਵਾਨ ਵਿਚੋਂ ਕਮਜ਼ੋਰ ਸਿੱਖ ਖਿਸਕਣੇ ਸ਼ੁਰੂ ਹੋ ਗਏ । ਇਸੇ ਤਰ੍ਹਾਂ ਵਾਰੀ-ਵਾਰੀ ਜਗਨਨਾਥ ਪੁਰੀ ਨਿਵਾਸੀ ਹਿੰਮਤ ਰਾਇ, ਦੁਆਰਕਾ ਨਿਵਾਸੀ ਮੁਹਕਮ ਚੰਦ ਅਤੇ ਬਿਦਰ ਨਿਵਾਸੀ ਸਾਹਿਬ ਚੰਦ ਨੇ ਗੁਰੂ ਚਰਨਾਂ ਵਿਚ ਸੀਸ ਦੇ ਕੇ ਆਪਣਾ ਆਪ ਨਿਛਾਵਰ ਕਰ ਦਿਤਾ ।

ਸਤਿਗੁਰੂ ਜੀ ਨੇ ਤਲਵਾਰ ਨਾਲ ਸੀਸ ਧੜ ਤੋਂ ਅਲੱਗ ਕਰ ਦਿੱਤੇ । ਪੰਜ ਧੜ ਅਤੇ ਸੀਸ ਸਟੇਜ ਉੱਤੇ ਡਿੱਗੇ ਪਏ ਸਨ । ਸਾਰੀ ਸੰਗਤ ਹੈਰਾਨ ਬੈਠੀ ਸੀ । ਉਹਨਾਂ ਦੀ ਹੈਰਾਨੀ ਹੋਰ ਵਧੀ ਜਦੋਂ ਸਤਿਗੁਰੂ ਜੀ ਨੇ ਇੱਕ ਦੇ ਧੜ ਨਾਲ ਦੂਜੇ ਦਾ ਸੀਸ ਜੋੜ ਦਿਤਾ । ਪੰਜੇ ਜ਼ਿੰਦਾ ਕਰ ਦਿੱਤੇ । ਸਤਿਗੁਰੂ ਜੀ ਨੇ ਆਪਣੇ ਗਲ ਨਾਲ ਲਾ ਕੇ ਆਖਿਆ, "ਇਹ ਮੇਰੇ ਪੰਜ ਪਿਆਰੇ ਹਨ।"


ਫੇਰ ਸਤਿਗੁਰੂ ਜੀ ਨੇ ਬਾਟੇ ਵਿੱਚ ਅੰਮ੍ਰਿਤ ਤਿਆਰ ਕੀਤਾ । ਇਹਨਾਂ ਪੰਜਾਂ ਸਿੱਖਾਂ ਨੂੰ ਸ਼ਸਤਰ-ਬਸਤਰ ਸਜਾ ਕੇ ਅੰਮ੍ਰਿਤ ਛਕਾਇਆ । ਉਹਨਾਂ ਦੇ ਨਾਵਾਂ ਨਾਲੋਂ ਰਾਮ ਜਾਂ ਦਾਸ ਸ਼ਬਦ ਹਟਾ ਕੇ "ਸਿੰਘ" ਸ਼ਬਦ ਜੋੜ ਦਿੱਤਾ । ਭਾਵ: ਸ਼ੇਰ ਬਣਾ ਦਿੱਤਾ । ਸਤਿਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ ਦੀ ਸਾਜਨਾ ਕੀਤੀ, ਅੰਮ੍ਰਿਤ ਦੀ ਸ਼ਕਤੀ ਦਾ ਪ੍ਰੱਤਖ ਪ੍ਰਮਾਣ ਦੇਣਾ ਸੀ, ਤਾਂ ਹੀ ਆਪ ਜੀ ਨੇ ਇਹ ਕਾਰਜ ਕੀਤਾ।

ਪ੍ਰਸ਼ਨ:

1. ਸਤਿਗੁਰੂ ਗੋਬਿੰਦ ਸਿੰਘ ਜੀ ਨੇ ਸੰਨ 1699 ਈ. ਦੀ ਵਿਸਾਖੀ ਕਿੱਥੇ ਮਨਾਈ ?
2. ਸਤਿਗੁਰੂ ਗੋਬਿੰਦ ਸਿੰਘ ਜੀ ਨੇ ਦਰਬਾਰ ਵਿੱਚ ਕੀ ਐਲਾਨ ਕੀਤਾ ?
3. ਸਤਿਗੁਰੂ ਗੋਬਿੰਦ ਸਿੰਘ ਜੀ ਨੇ ਐਲਾਨ ਬਾਅਦ ਸਭ ਤੋਂ ਪਹਿਲਾਂ ਕੌਣ ਉੱਠਿਆ ?
4. ਕਿੰਨੇ ਸਿੱਖ ਆਪਣਾ ਸਿਰ ਦੇਣ ਲਈ ਤਿਆਰ ਹੋਏ ?
5. ਸਤਿਗੁਰੂ ਜੀ ਨੇ ਸਿਰ ਅਤੇ ਧੜ ਜੋੜ ਕੇ ਕੀ ਹੁਕਮ ਕੀਤਾ ?
6. ਅੰਮ੍ਰਿਤ ਛਕਣ ਵਾਲੇ ਪੰਜ ਪਿਆਰਿਆਂ ਦੇ ਨਾਮ ਕੀ ਸਨ?
7. ਅੰਮ੍ਰਿਤ ਛਕਾਉਣ ਉਪਰੰਤ ਇਹਨਾਂ ਪੰਜ ਸਿੱਖਾਂ ਦੇ ਨਾਂ ਨਾਲ ਕੀ ਜੋੜਿਆ?
8. ਸਤਿਗੁਰੂ ਜੀ ਨੇ ਇਹ ਕੌਤਕ ਕਿਉਂ ਰਚਿਆ ?

ਸਤਿਗੁਰੂ ਜਗਜੀਤ ਸਿੰਘ ਜੀ ਅਤੇ ਪੰਜ ਕਕਾਰ (ਬਾਈਪਾਸ ਸਰਜਰੀ)

ਸਤਿਗੁਰੂ ਜਗਜੀਤ ਸਿੰਘ ਜੀ ਸਿੱਖੀ ਮਰਿਆਦਾ ਨੂੰ ਪੂਰਨ ਰੂਪ ਵਿੱਚ ਨਿਭਾਉਦੇ ਅਤੇ ਆਪਣੇ ਸਿੱਖਾਂ ਨੂੰ ਹੁਕਮ ਕਰਦੇ ਕਿ ਸਿਖੀ ਮਰਿਆਦਾ ਨਿਭਾਉਣੀ ਸਿੱਖ ਦਾ ਵੱਡਾ ਕਰਮ ਹੈ। ਆਪਣੇ ਕੋਲ ਹਰ ਸਮੇਂ ਪੰਜ ਕਕਾਰ ਰੱਖਣ ਦੀ ਮਰਿਆਦਾ ਦੀ ਪਾਲਣਾ ਆਪ ਜੀ ਨੇ ਹਮੇਸ਼ਾ ਕੀਤੀ ਅਤੇ ਆਪਣੇ ਸਿੱਖਾਂ ਤੋਂ ਕਰਵਾਈ।



ਸੰਨ 1991 ਵਿੱਚ ਜਦੋਂ ਸਤਿਗੁਰੂ ਜੀ ਦੀ ਤਬੀਅਤ ਥੋੜ੍ਹੀ ਠੀਕ ਨ ਹੋਣ ਕਰਕੇ ਆਪ ਜੀ ਨੂੰ ਦਿੱਲੀ ਦੇ ਅਪੋਲੋ ਹਸਪਤਾਲ ਵਿੱਚ ਚੈਕਅਪ ਲਈ ਲਿਆਂਦਾ ਗਿਆ, ਉੱਥੇ ਡਾਕਟਰ ਨੇ ਦੱਸਿਆ ਕਿ ਦਿਲ ਦੀਆਂ ਨਾੜੀਆਂ ਬੰਦ ਹਨ ਇਸ ਕਰਕੇ ਬਾਈਪਾਸ ਸਰਜਰੀ ਕਰਵਾਉਣੀ ਪਵੇਗੀ। ਆਸਟ੍ਰੇਲਿਆ ਦੇ Dr. I.D. Ross ਨੇ ਉੱਥੋਂ ਦੇ Adelaide ਹਸਪਤਾਲ ਵਿੱਚ ਬਾਈਪਾਸ ਸਰਜਰੀ ਦੀ ਤਿਆਰੀ ਕੀਤੀ। ਸਤਿਗੁਰੂ ਜੀ ਨੇ ਹੁਕਮ ਕੀਤਾ, "ਮੇਰੇ ਰੋਮ (ਵਾਲ) ਨ ਕੱਟੇ ਜਾਣ, ਮੇਰੇ ਸਰੀਰ ਤੋਂ ਕਛਹਿਰਾ ਕੜ੍ਹਾ ਅਤੇ ਕੰਘਾ ਅਲੱਗ ਨਾ ਕੀਤਾ ਜਾਵੇ।"

ਇਹ ਸਾਰੇ ਹੁਕਮ ਸਿੱਖੀ ਦੀ ਮਰਿਆਦਾ ਤੇ ਪੂਰੇ ਉਤਰਦੇ ਸਨ ਅਤੇ ਡਾਕਟਰਾਂ ਵਾਸਤੇ ਇਕ ਬਹੁਤ ਵੱਡੀ ਚੁਣੌਤੀ ਸੀ । ਬਾਈਪਾਸ ਸਰਜਰੀ ਇਸੇ ਤਰ੍ਹਾਂ ਹੀ ਕੀਤੀ ਗਈ ਜਿਵੇਂ ਸਤਿਗੁਰੂ ਜੀ ਦੀ ਰਜ਼ਾ ਸੀ । ਇਸ ਵਿੱਚ ਡਾਕਟਰਾਂ ਨੂੰ ਕਾਮਯਾਬੀ ਮਿਲੀ ਅਤੇ ਸਿੱਖੀ ਮਰਿਆਦਾ ਨੂੰ ਕਾਇਮ ਰੱਖਣ ਲਈ ਸਤਿਗੁਰੂ ਜੀ ਨੇ ਸਾਧ ਸੰਗਤ ਨੂੰ ਜਾਚ ਸਿਖਾਈ ।

ਪ੍ਰਸ਼ਨ:1. ਸਤਿਗੁਰੂ ਜਗਜੀਤ ਸਿੰਘ ਜੀ ਸਿੱਖੀ ਮਰਿਆਦਾ ਵਾਸਤੇ ਕੀ ਹੁਕਮ ਕਰਦੇ ਸੀ?

2. ਸਤਿਗੁਰੂ ਜੀ ਨੂੰ ਅਪੋਲੋ ਹਸਪਤਾਲ ਵਿੱਚ ਕਿਉਂ ਦਾਖਿਲ ਕੀਤਾ ਗਿਆ ?

3. ਡਾਕਟਰ ਨੇ ਸਤਿਗੁਰੂ ਜੀ ਦੀ ਸਿਹਤ ਨੂੰ ਦੇਖ ਕੇ ਕੀ ਸਲਾਹ ਦਿੱਤੀ ?

4. ਬਾਈਪਾਸ ਸਰਜਰੀ ਲਈ ਸਤਿਗੁਰੂ ਜੀ ਨੂੰ ਕਿੱਥੇ ਲੈ ਜਾਇਆ ਗਿਆ ?


5. ਸਰਜਰੀ ਤੋਂ ਪਹਿਲਾਂ ਸਤਿਗੁਰੂ ਜੀ ਨੇ ਕੀ ਹੁਕਮ ਕੀਤਾ ?

6. ਸਤਿਗੁਰੂ ਜੀ ਦੇ ਹੁਕਮ ਡਾਕਟਰਾਂ ਨੂੰ ਕਿਵੇਂ ਲੱਗੇ ?

7. ਕੀ ਡਾਕਟਰਾਂ ਨੂੰ ਸਤਿਗੁਰੂ ਜੀ ਦੇ ਹੁਕਮ ਮੰਨਦੇ ਹੋਏ ਸਰਜਰੀ ਵਿੱਚ ਕਾਮਯਾਬੀ ਮਿਲੀ ?

ਅਕਾਲ ਪੀੜਤਾਂ ਦੀ ਮਦਦ

ਸੰਨ 1899 ਈ. ਪੰਜਾਬ ਅਤੇ ਬੀਕਾਨੇਰ ਇਲਾਕਿਆਂ ਵਿੱਚ ਬੜਾ ਭਿਆਨਕ ਅਕਾਲ ਪਿਆ । ਬਾਰਿਸ਼ ਨਾ ਹੋਣ ਕਰਕੇ ਅਨਾਜ ਦੀ ਕਮੀ ਹੋ ਗਈ ਤੇ ਲੋਕ ਭੁੱਖੇ ਮਰਨ ਲੱਗੇ ।



ਪੰਜਾਬ ਦੇ ਪੂਰਬ-ਦੱਖਣ ਇਲਾਕਿਆਂ ਵਿੱਚ ਲੋਕਾਂ ਕੋਲ ਖਾਣ ਲਈ ਕੁਝ ਵੀ ਨਹੀਂ ਸੀ ਹਾਲਾਂਕਿ ਕੁਝ ਇਲਾਕਿਆਂ ਵਿੱਚ ਲੋਕ ਰੁੱਖਾਂ ਦੇ ਪੱਤੇ ਖਾ ਕੇ ਆਪਣਾ ਗੁਜ਼ਾਰਾ ਕਰਨ ਲਈ ਲਾਚਾਰ ਸਨ । ਅਕਾਲ ਦੇ ਅਸਰ ਕਾਰਨ ਡੰਗਰ ਤੇ ਭੁੱਖੇ ਮਰਨ ਲੱਗੇ।

ਇਹੋ ਜਿਹੇ ਸਮੇਂ ਵਿੱਚ ਸ੍ਰੀ ਭੈਣੀ ਸਾਹਿਬ ਵਿਖੇ ਸਤਿਗੁਰੂ ਹਰੀ ਸਿੰਘ ਜੀ ਸਦਾ ਵਰਤ ਲੰਗਰ ਚਲਾ ਰਹੇ ਸੀ । ਲੋਕਾਂ ਨੂੰ ਇਸ ਬਾਰੇ ਪਤਾ ਲੱਗਾ ਤਾਂ ਉਹਨਾਂ ਦੇ ਮਨ ਵਿੱਚ ਇੱਕ ਆਸ ਦੀ ਕਿਰਨ ਜਾਗੀ। ਲੋਕਾਂ ਨੇ ਭੈਣੀ ਸਾਹਿਬ ਵੱਲ ਚਾਲੇ ਪਾਏ ।

ਸਤਿਗੁਰੂ ਹਰੀ ਸਿੰਘ ਜੀ ਨੇ ਬਹੁਤ ਹੀ ਵੱਡੇ ਅਤੇ ਖੁੱਲੇ ਦਿਲ ਨਾਲ ਸਭ ਨੂੰ ਲੰਗਰ ਛਕਾਉਣਾ ਅਤੇ ਉਹਨਾਂ ਦੇ ਪਸ਼ੂਆਂ ਦਾ ਵੀ ਪੇਟ ਭਰਿਆ।

ਹਰ ਰੋਜ਼ ਲਗਭਗ ਹਜ਼ਾਰਾਂ ਦੀ ਗਿਣਤੀ ਵਿੱਚ ਲੋਕ ਆ ਕੇ ਲੰਗਰ ਛਕਦੇ। ਇਹ ਅਕਾਲ ਪੀੜਤਾਂ ਵਾਸਤੇ ਇਕ ਬਹੁਤ ਵੱਡੀ ਮੱਦਦ ਸੀ ਅਤੇ ਲੰਗਰ ਵੀ ਸਦਾ ਵਰਤ ਬਿਨਾਂ ਕਿਸੇ ਰੁਕਾਵਟ ਤੋਂ ਸਤਿਗੁਰੂ ਜੀ ਦੀ ਕਿਰਪਾ ਨਾਲ ਚੱਲਦਾ ਰਿਹਾ।

ਇਸ ਅਲੌਕਿਕ ਚਮਤਕਾਰ ਨੂੰ ਦੇਖ ਕੇ ਬ੍ਰਿਟਿਸ਼ ਸਰਕਾਰ ਅਤੇ ਹੋਰ ਲੋਕ ਵੀ ਬਹੁਤ ਹੈਰਾਨ ਸਨ ਕਿਉਂਕਿ ਇਹ ਉਹਨਾਂ ਲੋਕਾਂ ਦੀ ਸਮਝ ਤੋਂ ਪਰ੍ਹੇ ਦੀ ਗੱਲ ਸੀ। ਕਿ ਇਹ ਸਦਾ-ਵਰਤ ਲੰਗਰ ਬਿਨਾਂ ਕਿਸੇ ਵੱਡੀ ਜਗੀਰ, ਜਾਂ ਬਿਨਾ ਕਿਸੇ ਵੱਡੀ ਆਮਦਨ ਤੋਂ ਕਿਵੇਂ ਚੱਲ ਰਿਹਾ ਹੈ ?

ਬਾਰਿਸ਼ ਹੋਣ ਉਪਰੰਤ ਸ਼ਰਨਾਰਥੀ ਆਪਣੇ ਘਰਾਂ ਨੂੰ ਵਾਪਿਸ ਗਏ । ਹਰ ਕੋਈ ਸਤਿਗੁਰੂ ਹਰੀ ਸਿੰਘ ਜੀ ਦਾ ਕੋਟਾਨ ਕੋਟ ਧੰਨਵਾਦ ਕਰ ਰਿਹਾ ਸੀ ਅਤੇ ਕਹਿ ਰਿਹਾ ਸੀ ।

ਧੰਨ ਸਤਿਗੁਰੂ ਹਰੀ ਸਿੰਘ ਜੀ ।

ਪ੍ਰਸ਼ਨ:-

1. ਸੰਨ 1899 ਵਿੱਚ ਕਿਸ ਤਰ੍ਹਾਂ ਦਾ ਅਕਾਲ ਪਿਆ ?

2. ਲੋਕਾਂ ਨੂੰ ਕਿਹੜੀ ਆਸ ਦੀ ਕਿਰਨ ਦਿਖਾਈ ਦਿੱਤੀ ?

3. ਸਤਿਗੁਰੂ ਹਰੀ ਸਿੰਘ ਜੀ ਨੇ ਅਕਾਲ ਪੀੜਿਤਾਂ ਦੀ ਮਦਦ ਕਿਵੇਂ ਕੀਤੀ ?

4. ਕਿੰਨੇ ਸ਼ਰਨਾਰਥੀ ਭੈਣੀ ਸਾਹਿਬ ਵਿਖੇ ਲੰਗਰ ਛਕਦੇ ਸੀ ?

5. ਸਤਿਗੁਰੂ ਹਰੀ ਸਿੰਘ ਜੀ ਦੀ ਮਦਦ ਇਕ ਕੌਤਕ ਕਿਵੇਂ ਸੀ ?

6. ਬਾਰਿਸ਼ ਹੋਣ ਉਪਰੰਤ ਕੀ ਹੋਇਆ ?

ਇਕਾਗਰਤਾ

ਪਾਂਡਵ ਅਤੇ ਕੌਰਵ ਆਚਾਰੀਆ ਦ੍ਰੋਣਾਚਾਰੀਆ ਦੇ ਗੁਰੂ ਕੁਲ ਵਿੱਚ ਸਿੱਖਿਆ ਪ੍ਰਾਪਤ ਕਰਦੇ ਸਨ । ਇਕ ਦਿਨ ਆਚਾਰੀਆ ਨੇ ਆਪਣੇ ਵਿਦਿਆਰਥੀਆਂ ਦਾ ਇਮਤਿਹਾਨ ਲੈਣਾ ਚਾਹਿਆ । ਉਹ ਸਾਰਿਆਂ ਨੂੰ ਲੈ ਕੇ ਇਕ ਜੰਗਲ ਵਿੱਚ ਗਏ ਅਤੇ ਇਕ ਨਕਲੀ ਪੰਛੀ ਦੀ ਅੱਖ ਨੂੰ ਨਿਸ਼ਾਨਾ ਲਗਾਉਣ ਦਾ ਹੁਕਮ ਕੀਤਾ । ਸਭ ਤੋਂ ਪਹਿਲਾਂ ਯੁਧਿਸ਼ਟਰ ਨੂੰ ਬੁਲਾਇਆ ਅਤੇ ਨਿਸ਼ਾਨਾ ਲਗਾਉਣ ਨੂੰ ਕਿਹਾ । ਗੁਰੂ ਦ੍ਰੋਣਾਚਾਰੀਆ ਨੇ ਪੁੱਛਿਆ ਕਿ ਉਸਨੂੰ ਕੀ ਦਿਖ ਰਿਹਾ ਹੈ, ਉਸ ਨੇ ਉੱਤਰ ਦਿੱਤਾ ਪੰਛੀ ਦਿਖਾਈ ਦੇ ਰਿਹਾ ਹੈ । ਗੁਰੂ ਜੀ ਨੇ ਉਸ ਨੂੰ ਵਾਪਿਸ ਭੇਜ ਦਿੱਤਾ । ਫਿਰ ਭੀਮ ਦੀ ਵਾਰੀ ਆਈ, ਉਸਨੂੰ ਪੁੱਛਣ ਤੇ ਉਸ ਨੇ ਉੱਤਰ ਦਿੱਤਾ ਕਿ ਪੰਛੀ ਅਤੇ ਟਾਹਣੀ ਦਿਖਾਈ ਦੇ ਰਹੇ ਹਨ । ਉਸ ਨੂੰ ਵੀ ਵਾਪਿਸ ਭੇਜ ਕੇ, ਦੁਰਯੋਧਨ ਨੂੰ ਪੁੱਛਿਆ ਕਿ ਉਸ ਨੂੰ ਕੀ ਦਿਖ ਰਿਹਾ ਹੈ ਉਸ ਨੇ ਉੱਤਰ ਦਿੱਤਾ– "ਪੰਛੀ, ਟਾਹਣੀ ਅਤੇ ਬੱਦਲ"। ਗੁਰੂ ਜੀ ਨੇ ਉਸ ਨੂੰ ਵਾਪਿਸ ਭੇਜਿਆ ਅਤੇ ਅਰਜਨ ਨੂੰ ਬੁਲਾ ਕੇ ਨਿਸ਼ਾਨਾ ਸਾਧਣ ਲਈ ਹੁਕਮ ਦਿੱਤਾ। ਪੁੱਛਿਆ ਕਿ ਉਸ ਨੂੰ ਕੀ ਦਿਖ ਰਿਹਾ ਹੈ ਉਸ ਉੱਤਰ ਦਿੱਤਾ, "ਕੇਵਲ ਪੰਛੀ ਦੀ ਅੱਖ ਦਿਖਾਈ ਦੇ ਰਹੀ ਹੈ"।




ਗੁਰੂ ਦ੍ਰੋਣਾਚਾਰੀਆ ਉਸਨੂੰ ਨਿਸ਼ਾਨਾ ਲਗਾਉਣ ਲਈ ਆਖਿਆ । ਉਸ ਦਾ ਤੀਰ ਸਿੱਧਾ ਜਾ ਕੇ ਪੰਛੀ ਦੀ ਅੱਖ ਵਿੱਚ ਲੱਗਾ । ਗੁਰੂ ਦ੍ਰੋਣਾਚਾਰੀਆ ਜੀ ਬਹੁਤ ਪ੍ਰਸੰਨ ਹੋਏ ਤੇ ਹੁਕਮ ਕੀਤਾ "ਵਧੀਆ ਤੀਰਅੰਦਾਜ਼ੀ ਲਈ ਇਹੋ ਜਿਹੀ ਇਕਾਗਰਤਾ ਹੋਣੀ ਚਾਹੀਦੀ ।" ਅਰਜਨ ਨੂੰ ਆਸ਼ੀਰਵਾਦ ਦਿੱਤਾ ਕਿ ਅਰਜਨ ਆਉਣ ਵਾਲੇ ਸਮੇਂ ਵਿੱਚ ਦੁਨੀਆਂ ਦਾ ਸਭ ਤੋਂ ਵੱਡਾ ਤੀਰ ਅੰਦਾਜ਼ ਹੋਵੇਗਾ । ਅਰਜਨ ਦੀ ਤੀਰ ਅੰਦਾਜ਼ੀ ਦੇ ਸਾਹਮਣੇ ਕੋਈ ਵੀ ਟਿੱਕ ਨਹੀਂ ਸਕਿਆ। ਇਕਾਗਰਤਾ ਨਾਲ ਕੰਮ ਕਰਨ ਤੇ ਸਫ਼ਲਤਾ ਮਿਲਦੀ ਹੈ ।

ਪ੍ਰਸ਼ਨ:

1. ਬਚਪਨ ਵਿੱਚ ਕੌਰਵ ਅਤੇ ਪਾਂਡਵ ਕਿਸ ਰਿਸ਼ੀ ਕੋਲ ਸਿੱਖਿਆ ਗ੍ਰਹਿਣ ਕਰਦੇ ਸੀ ?
2. ਗੁਰੂ ਦ੍ਰੋਣਾਚਾਰੀਆ ਕੌਰਵਾਂ ਅਤੇ ਪਾਂਡਵਾਂ ਨੂੰ ਇਮਤਿਹਾਨ ਲੈਣ ਲਈ ਕਿੱਥੇ ਲੈ ਗਏ ?
3. ਗੁਰੂ ਦ੍ਰੋਣਾਚਾਰੀਆ ਜੀ ਨੇ ਕਿਸ ਵਸਤੂ ਨੂੰ ਨਿਸ਼ਾਨਾ ਲਗਾਉਣ ਲਈ ਹੁਕਮ ਕੀਤਾ ?
4. ਯੁਧਿਸ਼ਟਰ, ਭੀਮ, ਦੁਰਯੋਧਨ ਨੇ ਕੀ ਉੱਤਰ ਦਿੱਤਾ ?
5. ਅਰਜੁਨ ਨੂੰ ਤੀਰ ਚਲਾਉਣ ਵੇਲੇ ਕੀ ਦਿਖਾਈ ਦੇ ਰਿਹਾ ਸੀ ?
6. ਅਰਜੁਨ ਦਾ ਨਿਸ਼ਾਨਾ ਕਿੱਥੇ ਜਾ ਕੇ ਲੱਗਾ ?
7. ਗੁਰੂ ਦ੍ਰੋਣਾਚਾਰੀਆ ਨੇ ਅਰਜਨ ਦਾ ਨਿਸ਼ਾਨਾ ਦੇਖ ਕੀ ਆਸ਼ੀਰਵਾਦ ਦਿੱਤਾ ?

ਭਾਈ ਤਾਰੂ ਸਿੰਘ ਦੀ ਸ਼ਹੀਦੀ

ਮਾਝੇ ਵਿੱਚ ਇੱਕ ਸਿੱਖ ਸੀ ਉਸਦਾ ਨਾਂ ਸੀ ਤਾਰੂ ਸਿੰਘ। ਉਸ ਵੇਲੇ ਪੰਜਾਬ ਵਿੱਚ ਤੁਰਕਾਂ ਦਾ ਰਾਜ ਸੀ। ਭਾਈ ਤਾਰੂ ਸਿੰਘ ਜੰਗਲਾਂ ਵਿੱਚ ਲੁਕੇ ਸਿੰਘਾਂ ਨੂੰ ਪ੍ਰਸ਼ਾਦੇ ਘਲਿਆ ਕਰਦਾ ਸੀ।



ਲਾਹੌਰ ਦੇ ਸੂਬੇ ਜ਼ਕਰੀਆ ਖ਼ਾਨ ਉਸ ਨੂੰ ਸੱਦਾ ਘੱਲਿਆ। ਉਸ ਕਿਹਾ ਇਹ ਸੇਵਾ ਹੈ ਮੈਂ ਨਹੀਂ ਛੱਡ ਸਕਦਾ।

ਜ਼ਕਰੀਆ ਖ਼ਾਨ ਨੂੰ ਗੁੱਸਾ ਚੜ੍ਹ ਗਿਆ। ਉਸ ਕਿਹਾ, ਮੁਸਲਮਾਨ ਹੋ ਜਾਹ। ਨਹੀਂ ਤੇ ਤੇਰੀ ਸਿੱਖੀ ਕੱਢ ਦਿਆਂਗਾ। ਭਾਈ ਜੀ ਕਿਹਾ, ਮੇਰੀ ਸਿੱਖੀ ਸੁਆਸਾ ਨਾਲ ਨਿਭੇਗੀ। ਜ਼ਕਰੀਆ ਖ਼ਾਨ ਨੇ ਕੇਸ ਮੁੰਨਣੇ ਚਾਹੇ।

ਉਹ ਕੈਂਚੀ ਉਸਤਰੇ ਨਾਲ ਵੀ ਨਾਂ ਮੁੰਨੇ ਗਏ। ਅਖੀਰ ਮੋਚੀ ਨੂੰ ਸੱਦ ਕੇ ਖੋਪਰੀ

ਸਮੇਤ ਕੇਸ ਲੁਹਾ ਦਿੱਤੇ। ਓਧਰ ਜ਼ਕਰੀਆ ਖ਼ਾਨ ਦਾ ਪੇਸ਼ਾਬ ਬੰਦ ਹੋ ਗਿਆ। ਕਿਸੇ ਦਵਾਈ ਨੇ ਕੰਮ ਨਾ ਕੀਤਾ।

ਭਾਈ ਸ਼ਬੇਗ ਸਿੰਘ ਕਿਹਾ ਭਾਈ ਜੀ ਦਾ ਜੋੜਾ ਸਿਰ ਤੇ ਮਾਰੋ ਫੇਰ ਪੇਸ਼ਾਬ ਆਵੇਗਾ। ਮਰਦਾ ਕੀ ਨਹੀਂ ਕਰਦਾ, ਜਿਓਂ ਜਿਓਂ ਭਾਈ ਜੀ ਦੀ ਜੁੱਤੀ ਵੱਜੇ ਜ਼ਕਰੀਆ ਖ਼ਾਨ ਨੂੰ ਪੇਸ਼ਾਬ ਆਵੇ। ਉਸ ਨੂੰ ਏਨੀਆਂ ਜੁੱਤੀਆਂ ਪਈਆਂ ਕਿ ਜ਼ਕਰੀਆ ਖ਼ਾਨ ਜੁੱਤੀਆਂ ਦੀ ਮਾਰ ਨਾਲ ਹੀ ਮਰ ਗਿਆ।

ਭਾਈ ਜੀ ਨੇ ਜ਼ਕਰੀਆ ਖ਼ਾਨ ਤੋਂ ਪਿੱਛੋਂ ਚਲਾਣਾ ਕੀਤਾ। ਭਾਈ ਜੀ ਦੀ ਸਿੱਖੀ ਕੇਸਾਂ ਸੁਆਸਾਂ ਨਾਲ ਨਿਭੀ। ਬਾਲਕੋ! ਤੁਸੀਂ ਭੀ ਅਰਦਾਸ ਕਰੋ ਕਿ ਸਾਡੀ ਸਿੱਖੀ ਕੇਸਾਂ ਸੁਆਸਾਂ ਨਾਲ ਨਿਭੇ।

ਪ੍ਰਸ਼ਨ:

1. ਤਾਰੂ ਸਿੰਘ ਸਿੱਖਾਂ ਦੀ ਸੇਵਾ ਕਿਵੇਂ ਕਰਦਾ ਸੀ ?

2. ਲਾਹੌਰ ਦੇ ਸੂਬੇ ਦਾ ਕੀ ਨਾਂ ਸੀ?

3.ਜ਼ਕਰੀਆ ਖਾਂ ਨੇ ਕਿਵੇਂ ਦੁਖ ਦਿੱਤੇ ?

4.ਜ਼ਕਰੀਆ ਖਾਂ ਦਾ ਤਾਰੂ ਸਿੰਘ ਨੂੰ ਸਜ਼ਾ ਦੇਣ ਮਗਰੋਂ ਕੀ ਹਾਲ ਹੋਇਆ ?

5.ਭਾਈ ਸੁਬੇਗ ਸਿੰਘ ਨੇ ਕੀ ਕਿਹਾ ?

ਸ਼ਬਦ

ਧਨਾਸਰੀ ਮਹਲਾ ੫ ॥

ਅਉਖੀ ਘੜੀ ਨ ਦੇਖਣ ਦੇਈ ਅਪਨਾ ਬਿਰਦੁ ਸਮਾਲੇ ॥

ਹਾਥ ਦੇਇ ਰਾਖੈ ਅਪਨੇ ਕਉ ਸਾਸਿ ਸਾਸਿ ਪ੍ਰਤਿਪਾਲੇ ॥੧॥

ਪ੍ਰਭ ਸਿਉ ਲਾਗਿ ਰਹਿਓ ਮੇਰਾ ਚੀਤੁ ॥

ਆਦਿ ਅੰਤਿ ਪ੍ਰਭੁ ਸਦਾ ਸਹਾਈ ਧੰਨੁ ਹਮਾਰਾ ਮੀਤੁ ॥ ਰਹਾਉ ॥

ਮਨਿ ਬਿਲਾਸ ਭਏ ਸਾਹਿਬ ਕੇ ਅਚਰਜ ਦੇਖਿ ਬਡਾਈ ॥

ਹਰਿ ਸਿਮਰਿ ਸਿਮਰਿ ਆਨਦ ਕਰਿ ਨਾਨਕ

ਪ੍ਰਭਿ ਪੂਰਨ ਪੈਜ ਰਖਾਈ ॥੨॥੧੫॥੪੬॥

ਕਵਿਤਾ

ਸ੍ਰੀ ਗੁਰੂ ਰਾਮ ਸਿੰਘ ਜੀ

ਸੀ ਗੱਜਿਆ ਮਰਦ ਅਗੰਮੜਾ ਗੁਰੂ ਰਾਮ ਸਿੰਘ, ਬਲਵਾਨ ।
ਉਹ ਜਾਪੇ ਭਗਤ ਭਗਵਾਨ ਸੀ ਦਰ ਅਸਲ ਭਗਵਾਨ ।
ਸੀ ਵਿਸ਼ਨੂੰ ਜਾਮਾ ਬਦਲ ਕੇ ਆਇਆ ਵਿੱਚ ਜਹਾਨ ।
ਉਹਦਾ ਚਕਰ ਮਾਲਾ ਉੱਨ ਦੀ ਤੇ ਉਂਗਲੀ ਵਿੱਚ ਤੁਫ਼ਾਨ ।
ਉਹਦੀ ਸੋਹਣੀ ਸੂਰਤ ਤੱਕ ਕੇ ਸੋਹਣੇ ਹੋਣ ਹੈਰਾਨ !
ਉਹਦਾ ਚੰਨੋਂ ਸੋਹਣਾ ਮੁੱਖੜਾ ਵੇਖ ਕੇ ਸ਼ਰਮੇਂ ਭਾਨ ।
ਉਹਦੇ ਹੋਠਾਂ ਉੱਤੇ ਹੱਸਦੇ ਭਗਤੀ ਭਾਗ ਭਗਵਾਨ ।
ਉਹਦੀ ਸ਼ਾਨ ਵੇਖ ਕੇ ਸ਼ਰਮਦੀ ਇੰਦਰ ਜੇਹਾਂ ਦੀ ਸ਼ਾਨ ।
ਉਹਨੂੰ ਲੱਛਮੀ ਸੀਸ ਝੁਕਾਵੰਦੀ ਤੇ ਦਿਉਤੇ ਸਦਕੇ ਜਾਨ ॥
ਉਹਦੇ ਸਿਰ ਤੇ ਤਾਜ ਬਹਾਦਰੀ ਹੱਥ ਫੜਿਆ ਧਰਮ ਨਿਸ਼ਾਨ।
ਉਹ ਧਰਤੀ ਧਨ ਕਹਿਲਾਂਵਦੀ ਜਿਥੋਂ ਵੀ ਲੰਘ ਜਾਨ ।
ਉਹਦੇ ਕੰਨਾਂ ਦੇ ਵਿਚ ਗੂੰਜਦੇ ਦੁਖੀਆਂ ਦੇ ਫ਼ੁਰਮਾਨ ॥

ਉਹਦੀ ਸ਼ਾਹ-ਰਗ ਅੰਦਰ ਸ਼ੂਕਦੇ ਬਾਗੀ ਸੱਪ ਸੁਜਾਨ ॥

ਉਹਦੇ ਖ਼ੂਨ ਦੇ ਅੰਦਰ ਖੌਲਦੇ ਜੋਸ਼ ਅਣਖ ਤੇ ਆਨ ॥

ਉਹਦੇ ਦਿਲ ਦੇ ਅੰਦਰ ਤੜਫਦੇ ਉਮਤ ਦੇ ਅਰਮਾਨ ॥

ਉਹਦਾ ਮੁੱਛ ਮਰੋੜਾ ਵੇਖ ਕੇ ਜਾਏ ਜਮਾਂ ਦੀ ਜਾਨ ॥

ਧੜ ਦੈਂਤਾਂ ਦੇ ਧੜਕਦੇ ਜਦ ਮਥੇ ਤਿਉੜੀ ਪਾਨ ॥

ਸੀਨਾ ਫਟੇ ਆਕਾਸ਼ ਦਾ ਜਦ ਗੁੱਸੇ ਨਾਲ ਤਕਾਨ ॥

ਉਹਦੇ ਨੈਣਾਂ ਦੇ ਵਿਚ ਰੜਕਦੀ ਬਿੱਲੇ ਦੀ ਸੰਤਾਨ ।

ਉਸ ਬੁੱਲਾਂ ਨੂੰ ਟੁੱਕ ਆਖਿਆ ਚੌੜੀ ਛਾਤੀ ਤਾਨ ।

ਮੈਂ ਬਾਗੀ ਹਾਂ ਅੰਗਰੇਜ਼ ਦਾ ਕੀਤਾ ਆਮ ਐਲਾਨ ।

'ਬਾਲਮ' ਬਾਗੀ ਰਹਾਂਗਾ ਜਦ ਤਕ ਹੈਨ ਪਰਾਨ ॥

ਜਿਨ੍ਹਾਂ ਨੇ ਮੰਨ ਲਿਆ ਮੇਰਾ ਪੁੱਤਰ,
ਮੇਰਾ ਧਨ, ਮੇਰਾ ਘਰ ਬਾਰ,
ਉਹ ਪੁਰਸ਼ ਤਾਂ ਔਖੇ ਹੁੰਦੇ ਨੇ,
ਦੁਖੀ ਹੁੰਦੇ ਨੇ।
ਜਿਨ੍ਹਾਂ ਨੇ ਸਤਿਗੁਰ ਦੀ ਚੀਜ ਮੰਨ ਕੇ
ਸਭ ਕੁਝ ਉਹਦੀ ਖੇਡ ਮੰਨ ਲਈ,
ਉਹ ਸਦਾ ਅਨੰਦ ਸਰੂਪ ਰਹਿੰਦੇ ਨੇ।

ਉਪਦੇਸ਼-
ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ

ਸਿਖੀ ਤਾ ਭਾਈ ਗੁਰੂ ਸਬਦ ਦੇ ਮੰਨਣ
ਦੀ ਹੈ। ਬਿਨਾ ਗੁਰ ਸਬਦ ਮੰਨੇ ਸਿਖ
ਨਹੀ ਬਣਦਾ, ਨਹੀ ਸਾਧੁ ਬਣਦਾ,
ਭਾਮੇ ਕਿਤਨੇ ਬਾਣੇ ਬਣਾਵੇ ਕੋਈ,
ਪਰ ਗੁਰੂ ਸਬਦ ਮੰਨੇ ਬਿਨਾ ਕੁਛ ਬੀ
ਨਹੀ ਹਥ ਅਉਦਾ, ਏਹੁ ਸੂਬ ਸਾਸਤ੍ਰਾ
ਕਾ ਮਤੁ ਹੈ।

ਹੁਕਮ-
ਸ੍ਰੀ ਸਤਿਗੁਰੂ ਰਾਮ ਸਿੰਘ ਜੀ